# ਇਕ ਜਾਣ ਪਛਾਣ

ਅਧਿਐਨ ਕਰਦਿਆਂ ਅਸੀਂ ਵੇਖਾਂਗੇ ਕਿ ਯਿਸੂ ਨਾਸਰੀ ਖ਼ੁਦਾ ਦਾ ਪੁੱਤਰ ਅਤੇ ਪਰਮੇਸ਼ੁਰ ਪੁੱਤਰ ਦੋਵੇਂ ਹੀ ਹੈ। ਇਹ ਪਹਿਲਾਂ ਤੋਂ ਤੈਅ ਨਿਚੋੜ ਵਾਂਗ ਲਗਦਾ ਹੈ, ਪਰ ਇਹ ਗੱਲ ਹੈਰਾਨ ਕਰਨ ਵਾਲੀ ਹੈ ਕਿ ਧਰਤੀ ਦੇ ਕਰੋੜਾਂ ਲੋਕਾਂ ਵਿੱਚੋਂ, ਬਹੁਤਿਆਂ ਨੇ ਮਸੀਹੀ ਵਿਸ਼ਵਾਸ ਨੂੰ ਕਿ ਯਿਸੂ ਖ਼ੁਦਾ ਹੈ, ਨਹੀਂ ਮੰਨਿਆ ਹੈ। ਹੇਠਾਂ ਦਿੱਤੇ ਅੰਕੜਿਆਂ 'ਤੇ ਵਿਚਾਰ ਕਰੋ 2005 ਤੋਂ:[1]

| | | |
|---|---|---|
| ਮਸੀਹ ਵਿਚ ਵਿਸ਼ਵਾਸ ਕਰਨ ਵਾਲੀਆਂ ਜਮਾਤਾਂ | 32.95 ਫ਼ੀਸਦੀ | 2.07 ਅਰਬ |
| ਮਸੀਹ ਵਿਚ ਵਿਸ਼ਵਾਸ ਨਾ ਕਰਨ ਵਾਲੀਆਂ ਜਮਾਤਾਂ | 52.25 ਫ਼ੀਸਦੀ | 3.28 ਅਰਬ |
| ਨਾਸਤਿਕ ਅਤੇ ਅਧਰਮੀ | 14.84 ਫ਼ੀਸਦੀ | 0.93 ਅਰਬ |
| ਕੁੱਲ ਅਬਾਦੀ | | 6.28 ਅਰਬ |

ਇਨ੍ਹਾਂ ਆਂਕੜਿਆਂ ਤੋਂ ਯਿਸੂ ਦੇ ਖ਼ੁਦਾ ਹੋਣ ਦੀ ਗੱਲ ਮੁਖਰ ਕੇ ਸਾਹਮਣੇ ਆਉਂਦੀ ਹੈ। ਇਨ੍ਹਾਂ ਤੋਂ ਕਈ ਅਹਿਮ ਸਵਾਲ ਵੀ ਖੜੇ ਹੁੰਦੇ ਹਨ, ਜਿਵੇਂ ਲੋਕਾਂ ਨੂੰ ਯਿਸੂ ਦੀ ਕਹਾਣੀ ਦਾ ਪਤਾ ਕਿਉਂ ਨਹੀਂ ਹੈ? ਉਨ੍ਹਾਂ ਨੂੰ ਉਹਦੇ ਬਾਰੇ ਪਤਾ ਕਿਉਂ ਨਹੀਂ ਲੱਗਾ? ਬੇਸ਼ੱਕ ਇਨ੍ਹਾਂ ਸਵਾਲਾਂ ਵਿੱਚੋਂ ਹਰ ਕਿਸੇ ਦਾ ਜਵਾਬ ਵਿਸ਼ਵ ਪੱਧਰ 'ਤੇ ਇੰਜੀਲ ਦੇ ਪ੍ਰਚਾਰ ਅਤੇ ਮਿਸ਼ਨਰੀ ਕੰਮ ਵਿਚ ਪਾਈਆਂ ਜਾਣ ਵਾਲੀਆਂ ਖ਼ਾਮੀਆਂ ਵਿਚ ਮਿਲਦਾ ਹੈ।

ਅਗਲੇ ਦੋ ਸਵਾਲਾਂ ਵਿਚ ਸਾਡੇ ਲਈ ਉਹ ਚੁਣੌਤੀ ਹੈ, ਜਿਸ ਨਾਲ ਅਸੀਂ ਇਹ ਅਧਿਐਨ ਕਰਨ ਦੀ ਕੋਸ਼ਿਸ਼ ਕਰਾਂਗੇ। (1) ਬਹੁਤ ਸਾਰੇ ਲੋਕ ਜਿਨ੍ਹਾਂ ਨੇ ਯਿਸੂ ਬਾਰੇ ਸੁਣਿਆ, ਉਸ 'ਤੇ ਵਿਸ਼ਵਾਸ ਕਿਉਂ ਨਹੀਂ ਕਰਦੇ? (2) ਬਹੁਤ ਸਾਰੇ ਲੋਕ ਜੋ ਉਸ ਨੂੰ ਖ਼ੁਦਾ ਦਾ ਪੁੱਤਰ ਤਾਂ ਮੰਨਦੇ ਹਨ ਪਰ ਪਰਮੇਸ਼ੁਰ ਪੁੱਤਰ ਕਿਉਂ ਨਹੀਂ ਮੰਨਦੇ?

ਇਨ੍ਹਾਂ ਸਵਾਲਾਂ ਦਾ ਹਰ ਕਿਸੇ ਦਾ ਜਵਾਬ ਆਪਣਾ ਹੀ ਹੈ। ਕਈ ਲੋਕ ਤਾਂ ਬਾਹਰੋਂ ਦਿਸਣ ਵਾਲੇ ਲੱਗਣਗੇ, ਪਰ ਦੂਜੇ ਇਸ ਉਲਝਣ ਤੋਂ ਪੈਦਾ ਹੋਈ ਤਕਲੀਫ਼ ਨੂੰ ਜ਼ਾਹਿਰ ਕਰਕੇ ਉਸ ਤੋਂ ਅੱਗੇ ਵਧ ਜਾਣਗੇ। ਯਿਸੂ ਬਾਰੇ ਇਸ ਉਲਝਣ ਦਾ ਕਾਰਣ ਨੁਕਸਦਾਰ ਜਾਂ ਬੇਵਕਤ ਦਿੱਤੀ ਸਿੱਖਿਆ ਦੀ ਪ੍ਰਕ੍ਰਿਆ ਹੋ ਸਕਦਾ ਹੈ। ਕਈ ਸਾਲ ਪਹਿਲਾਂ ਜਿਮ ਜੋਨਸ[2] ਦੇ ਫ਼ਿਰਕੇ ਦੇ ਦੁਖਾਂਤਾਂ ਵਾਂਗ ਬਹੁਤ ਸਾਰੇ ਲੋਕਾਂ ਵਿਚ ਮਸੀਹ ਦੀ ਸਪੱਸ਼ਟ ਸੱਚਾਈ ਬਾਰੇ ਸ਼ੱਕ ਹੋਣਾ ਕੁਦਰਤੀ ਹੀ ਹੈ। ਜਿਨ੍ਹਾਂ ਨੂੰ ਯਿਸੂ ਬਾਰੇ ਅਤੇ ਉਹਦੀ ਸਿੱਖਿਆ ਦੀਆਂ ਸਭ ਗੱਲਾਂ ਨੂੰ ਤਰਕਸੰਗਤ ਢੰਗ ਨਾਲ ਸਮਝਾਇਆ ਜਾਂਦਾ ਹੈ ਉਹ ਉਹਨੂੰ ਮੰਨ ਲੈਂਦੇ ਹਨ।

ਯਿਸੂ 'ਤੇ ਵਿਸ਼ਵਾਸ ਜਾਂ ਉਹਨੂੰ ਕਬੂਲ ਨਾ ਕਰਨ ਦਾ ਇਕ ਹੋਰ ਕਾਰਣ ਇਹ ਹੈ ਕਿ ਬਹੁਤਿਆਂ ਨੂੰ ਅਸੀਂ ਉਹਦੇ ਵਿਲੱਖਣ ਹੋਣ ਨੂੰ ਸਹੀ ਤਰ੍ਹਾਂ ਸਮਝਾ ਨਹੀਂ ਪਾਉਂਦੇ। ਹੋ ਸਕਦਾ ਹੈ

ਕਿ ਸਾਡਾ ਵਿਸ਼ਵਾਸ ਯਿਸੂ ਵਿਚ ਹੋਵੇ ਅਤੇ ਅਸੀਂ ਦੂਜਿਆਂ ਨੂੰ ਉਸ ਬਾਰੇ ਸਮਝਾਉਣ ਲਈ ਸੰਜੀਦਾ ਕੋਸ਼ਿਸ਼ ਕਰ ਰਹੇ ਹੋਈਏ। ਪਰ ਯਿਸੂ ਬਾਰੇ ਸਾਡੀ ਧਾਰਣਾ ਅਸਪੱਸ਼ਟ ਜਾਂ ਸਤਹੀ ਗਿਆਨ ਵਰਗੀ ਹੋ ਸਕਦੀ ਹੈ। ਉਹਦੇ ਬਾਰੇ ਔਖੇ ਸਵਾਲ ਆਉਣ 'ਤੇ ਅਸੀਂ ਪਰੇਸ਼ਾਨ ਹੋ ਸਕਦੇ ਹਾਂ। ਯਿਸੂ ਵਿਚ ਸਾਡਾ ਵਿਸ਼ਵਾਸ, ਖਾਸ ਕਰਕੇ ਜੇ ਇਹ ''ਕਿਸੇ ਹੋਰ ਤੋਂ'' ਲਿਆ ਗਿਆ ਹੈ, ਤਾਂ ਇਹ ਐਨਾ ਗਹਿਰਾ ਨਹੀਂ ਹੋਵੇਗਾ ਕਿ ਉਸ ਵਿਚ ਸੰਦੇਹਵਾਦ ਦੇ ਡੂੰਘੇ ਸਵਾਲਾਂ ਦਾ ਜਵਾਬ ਨਾ ਦੇ ਸਕੀਏ। ਮੈ ਇਹ ਨਹੀਂ ਕਹਿੰਦਾ ਕਿ ਇਸ ਨਾਲ ਸਾਡੇ ਵਿਸ਼ਵਾਸ ਦਾ ਇਨਕਾਰ ਹੋ ਜਾਵੇਗਾ। ਇਹਦਾ ਮਤਲਬ ਸਿਰਫ਼ ਇਹੀ ਹੈ ਕਿ ਸਾਡਾ ਈਮਾਨ ਐਨਾ ਪੱਕਾ ਨਹੀਂ ਹੋਵੇਗਾ ਜਾਂ ਸਾਡੇ ਕੋਲ ਉਹ ਜ਼ਰ੍ਹੀਆ ਜਾਂ ਈਮਾਨ ਦੀ ਮਜ਼ਬੂਤੀ ਨਹੀਂ ਹੈ, ਜਿਨ੍ਹਾਂ ਨਾਲ ਅਸੀਂ ਯਿਸੂ ਬਾਰੇ ਸਵਾਲਾਂ ਦੀ ਖੋਜ ਕਰਨ ਵਾਲੇ ਦੀ ਜ਼ਿੰਦਗੀ ਦੇ ਖਾਲੀਪਣ ਨੂੰ ਭਰ ਸਕੀਏ।

ਇਸ 'ਤੇ ਵਿਚਾਰ ਕਰੋ: ਤੁਸੀਂ ਅਗਲੇ ਐਤਵਾਰ ਆਪਣੇ ਇਕ ਦੋਸਤ ਨੂੰ ਬੰਦਗੀ ਵਿਚ ਸੱਦਣ ਦਾ ਇਰਾਦਾ ਕੀਤਾ ਹੈ। ਮੰਨ ਲਓ ਤੁਹਾਡਾ ਦੋਸਤ ਕਹਿੰਦਾ ਹੈ, ''ਪਿਛਲੇ ਦਿਨੀਂ ਮੈਂ ਰੱਬ ਵੱਲ ਮੁੜਨ ਅਤੇ ਉਹਦੀ ਬੰਦਗੀ ਕਰਨ 'ਤੇ ਵਿਚਾਰ ਕੀਤਾ। ਪਰ ਤੁਸੀਂ ਮਸੀਹੀ ਲੋਕ ਤਾਂ ਤਿੰਨ ਰੱਬਾਂ ਨੂੰ ਮੰਨਦੇ ਹੋ। ਮੈਂ ਤਾਂ ਜੇ ਮੰਨਾਗਾ ਤਾਂ ਸਿਰਫ਼ ਇੱਕੋ ਰੱਬ ਨੂੰ ਮੰਨਣ ਵਾਲੇ ਧਰਮ ਨੂੰ ਮੰਨਾਗਾ। ਮੈਂ ਇੱਕੋ ਰੱਬ 'ਚ ਯਕੀਨ ਰੱਖਦਾ ਹਾਂ। ਤਿੰਨ ਰੱਬਾਂ ਬਾਰੇ ਤੁਹਾਡੇ ਵਿਸ਼ਵਾਸ ਨੂੰ ਮੈਂ ਨਹੀਂ ਮੰਨ ਸਕਦਾ।'' ਤੁਹਾਡਾ ਕੀ ਜਵਾਬ ਹੋਵੇਗਾ? ਤੁਸੀਂ ਆਪਣੀ ਗੱਲ ਕਿਵੇਂ ਸਮਝਾਓਗੇ।

ਜੇ ਤੁਸੀਂ ਪਰੇਸ਼ਾਨੀ ਵਿਚ ਪੈ ਜਾਂਦੇ ਹੋ ਤਾਂ ਤੁਸੀਂ ਇਕੱਲੇ ਨਹੀਂ ਹੋ। ਅਸਲ 'ਚ ਪਹਿਲੀ ਅਤੇ ਦੂਜੀ ਸਦੀਆਂ ਵਿਚ ਕਲੀਸੀਆ ਨੂੰ ਯਹੂਦੀਆਂ ਅਤੇ ਮੂਰਤੀਪੂਜਕਾਂ ਨੂੰ ਸਮਝਾਉਣਾ ਪਿਆ ਸੀ ਕਿ ਕਿਵੇਂ ਮਸੀਹੀਅਤ ਇੱਕੋ ਰੱਬ ਨੂੰ ਮੰਨਦੀ ਹੈ, ਜੋ ਖ਼ੁਦਾ ਪਿਤਾ *ਅਤੇ* ਪਰਮੇਸ਼ੁਰ ਪੁੱਤਰ ਬਾਰੇ ਦੱਸ ਸਕਦੀ ਸੀ।

ਅਖ਼ੀਰ, ਖ਼ੁਦਾ ਦੀ ਸਾਡੀ ਧਾਰਣਾ ਨਾਲ ਹੀ ਸਾਡਾ ਧਰਮ ਤੈਅ ਹੁੰਦਾ ਹੈ, ਇਸ ਲਈ ਅਸੀਂ ਤੁਹਾਨੂੰ ਸੱਚੇ ਮਨੋਂ ਖ਼ੁਦਾ ਪੁੱਤਰ ਦੀ ਆਪਣੀ ਇਸ ਸਮੀਖਿਆ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੰਦੇ ਹਾਂ। ਮੁੱਢਲੀ ਕਲੀਸੀਆ ਨੇ ਮਹਿਸੂਸ ਕੀਤਾ ਸੀ ਕਿ ਉਨ੍ਹਾਂ ਲਈ ਲੋਕਾਂ ਨੂੰ ਸਮਝਾਉਣਾ ਜ਼ਰੂਰੀ ਹੈ ਕਿ ਖ਼ੁਦਾ ਬਾਰੇ ਮਸੀਹੀ ਵਿਚਾਰ ਇੱਕੋ ਖ਼ੁਦਾ ਦਾ ਸੀ ਜਿਸ ਵਿਚ ਪਰਮੇਸ਼ੁਰ ਪਿਤਾ ਅਤੇ ਪਰਮੇਸ਼ੁਰ ਪੁੱਤਰ ਸ਼ਾਮਿਲ ਹਨ। ਜੇ ਉਹ ਅਜਿਹਾ ਨਾ ਕਰਦੇ ਤਾਂ ਮਸੀਹੀਅਤ ਆਪਣੀ ਸੱਚਾਈ, ਸ਼ਕਤੀ, ਵਿਲੱਖਣਤਾ ਅਤੇ ਪ੍ਰਾਸੰਗਿਕਤਾ ਗੁਆ ਬੈਠਦੀ।

---

ਟਿੱਪਣੀਆਂ

[1]*ਦਿ ਵਰਲਡ ਅਲਮੈਨੇਕ ਐਂਡ ਬੁਕ ਆਫ਼ ਫ਼ੈਕਟਸ,* 2005 (ਨਿਊ ਯਾਰਕ: ਵਰਲਡ ਅਲਮੈਨੇਕ, 2005), 734. [2]ਜਿਸ ਜੋਨਸ ਨੇ ਆਪਣੇ ਫ਼ਿਰਕੇ ਜਾਂ ਧਰਮ ਦੇ ਬ੍ਰਾਂਡ ਦੇ ਨਾਂਅ ਤੇ ਖ਼ੁਦਕਸ਼ੀ ਕਰਨ ਵਾਲੇ ਲੋਕਾਂ ਦੀ ਇਕ ਜਮਾਤ ਦੀ ਅਗਵਾਈ ਕੀਤੀ।